Roll No. ........................ Total Pages : 4

# 4379/MH

**B–2051**

**PUNJABI COMPULSORY**

Semester–IV

Time Allowed : 3 Hours] [Maximum Marks : 75

**ਨੋਟ:** ਸਾਰੇ ਪ੍ਰਸ਼ਨ ਕਰਨੇ ਲਾਜ਼ਮੀ ਹਨ।

## ਭਾਗ–ੳ

1. ਕਿਸੇ **ਇਕ** ਕਵਿਤਾ ਦਾ ਵਿਸ਼ਾ-ਵਸਤੂ ਲਿਖੋ :

   (ੳ) ਸੁਨੇਹੜੇ

   (ਅ) ਖ਼ਤਾਂ ਦੀ ਉਡੀਕ

   (ੲ) ਅਹੱਲਿਆ। 12

2. ਕਿਸੇ **ਦੋ** ਕਵਿਤਾਵਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : 6×2=12

   (ੳ) ਕੋਇਲ ਦੀਆਂ ਕੂਕਾਂ ਨੀ,
   ਮਾਰਨ ਬੰਦੂਕਾਂ ਨੀ,



   ਪੀਹੜੇ ਨੂੰ ਭੰਨਾ ਮੈਂ,
   ਚਰਖੇ ਨੂੰ ਫੂਕਾਂ ਮੈਂ।

   (ਅ) ਧੁੱਪ ਵਾਂਗ ਧਰਤੀ 'ਤੇ ਖਿੜ ਜਾਵਾ
   ਤੇ ਫਿਰ ਗਲਵਕੜੀ ਵਿਚ ਸਿਮਟ ਜਾਵਾ,
   ਬਰੂਦ ਵਾਂਗ ਭੜਕ ਉੱਠਣਾ
   ਤੇ ਚੌਹਾਂ ਕੂਟਾਂ ਅੰਦਰ ਗੂੰਜ ਜਾਵਾ
   ਜੀਵ ਦਾ ਇਹੋ ਈ ਸਲੀਕਾ ਹੁੰਦਾ ਹੈ।

   (ੲ) ਇਸ ਨਗਰੀ ਤੇਰਾ ਜੀ ਨਹੀਂ ਲਗਣਾ
   ਇਕ ਚੜ੍ਹਦੀ ਇਕ ਲਹਿੰਦੀ ਏ
   ਤੈਨੂੰ ਰੋਜ ਸਵੇਰੇ ਉਡੀਕ ਖ਼ਤਾਂ ਦੀ
   ਸਿਖਰ ਦੁਪਹਿਰੇ ਰਹਿੰਦੇ ਏ।

   (ਸ) ਵੱਧ-ਵੱਧ ਬੋਲਣਾ ਏ ਐਂਵੇ ਬੜਬੋਲਿਆ।
   ਸਬਜੀਆਂ ਤੋਂ ਜਾ ਤੂੰ ਸਿਆਸਤਾਂ ਨੂੰ ਫੌਲਿਆ।
   ਦੂਜੇ ਦੀ ਵੀ ਸੁਣ ਕੁਲ ਦੂਜੇ ਨੂੰ ਵੀ ਕਹਿਣ ਦੇ।
   ਹਕੂਮਤਾਂ ਦੀ ਗੱਲ ਤੂੰ ਹਕੂਮਤਾਂ ਤੇ ਰਹਿਣ ਦੇ।

## ਭਾਗ–ਅ

3. ਕਾਲਜ ਵਿਚ ਹੋਏ ਸਾਲਾਨਾ ਇਨਾਮ ਵੰਡ ਸਮਾਰੋਹ ਦੀ ਰਿਪੋਰਟ ਬਣਾ ਕੇ ਅਖ਼ਬਾਰ ਨੂੰ ਭੇਜੋ।

**ਜਾਂ**

ਕਾਲਜ ਵਿਚ ਹੋਏ ਸਭਿਆਚਾਰਕ ਪ੍ਰੋਗਰਾਮ ਦੀ ਰਿਪੋਰਟ ਅਖ਼ਬਾਰ ਨੂੰ ਭੈਜੋ।

**ਜਾਂ**

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਸ਼ਹਿਰ ਵਿਚ ਸਫ਼ਾਈ ਤੇ ਮਾੜੇ ਪ੍ਰਬੰਧ ਬਾਰੇ ਰਿਪੋਰਟ ਲਿਖੋ। 9

4. ਗੁਰਮੁਖੀ ਲਿਪੀ ਦੀਆਂ ਵਿਸ਼ੇਸ਼ਤਾਵਾਂ ਦੱਸੋ।

**ਜਾਂ**

ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਨੂੰ ਲਿਖਣ ਲਈ ਕਿਵੇਂ ਢੁਕਵੀਂ ਲਿਪੀ ਹੈ? ਸਪੱਸ਼ਟ ਕਰੋ। 12

## ਭਾਗ–ਏ

5. ਹੇਠ ਲਿਖੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ: 15×2=30

(i) ਕਵੀ ਅਟਕ ਦਰਿਆਂ ਨੂੰ ਕੀ ਪ੍ਰਸ਼ਨ ਕਰਦਾ ਹੈ?

(ii) ਕਵਿਤਾ ਵਿਚ ਸੋਮਨਾਥ ਅਤੇ ਪਾਰੋ ਕਿਸਨੂੰ ਕਿਹਾ ਗਿਆ ਹੈ?

(iii) 'ਮਸੀਹਾ' ਕਵਿਤਾ ਅਨੁਸਾਰ ਜ਼ਿੰਦਗੀ ਕੀ ਹੈ?

(iv) 'ਨਵੇਂ ਸੂਰਜ ਜਿਹਾ ਸੀਸ' ਤੋਂ ਕੀ ਭਾਵ ਹੈ?



(v) ਕਵੀ ਅਫ਼ਸਰਾਂ ਤੇ ਲੀਡਰਾਂ ਦੇ ਚਰਿਤਰ ਬਾਰੇ ਕੀ ਕਹਿੰਦਾ ਹੈ?

(vi) 'ਕਾਵਿ-ਲਹਿਰਾਂ' ਪੁਸਤਕ ਵਿਚ ਕਿਹੜੇ ਪਾਕਿਸਤਾਨੀ ਕਵੀ ਦੀ ਕਵਿਤਾ ਸ਼ਾਮਲ ਹੈ?

(vii) 'ਪੰਜਾਬ-ਕਥਾ' ਕਵਿਤਾ ਕਿਹੜੇ ਕਵੀ ਦੀ ਰਚਨਾ ਹੈ?

(viii) ਐਨ.ਆਰ.ਆਈ. ਲਈ ਇੰਡੀਆਂ ਨਰਕ ਕਿਉਂ ਹੈ?

(ix) 'ਮੈਂ ਸਮਾਂ ਹਾਂ' ਕਵਿਤਾ ਦੀ ਕਾਵਿ-ਸ਼ੈਲੀ ਬਾਰੇ ਚਾਨਣਾ ਪਾਉ।

(x) ਮਾਂ ਦੀਆਂ ਕਿਹੜੀਆਂ ਗੱਲਾਂ ਕਵਿਤ੍ਰੀ ਨੂੰ ਗੁਨਾਹ ਜਾਪਦੀਆਂ ਹਨ?

(xi) ਭਾਸ਼ਾ ਅਤੇ ਲਿਪੀ ਵਿਚ ਕੀ ਸਬੰਧ ਹੈ?

(xii) ਗੁਰਮੁਖੀ ਲਿਪੀ ਦੀ ਤਰਤੀਬ ਲਿਖੋ।

(xiii) ਮੁਕਤਾ ਕੀ ਹੈ?

(xiv) ਪੰਜਾਬੀ ਵਿਚ ਲਗਾਖ਼ਰ ਕਿੰਨੇ ਹਨ?

(xv) ਗੁਰਮੁਖੀ ਲਿਪੀ ਦਾ ਸ੍ਰੋਤ ਲਿਪੀ ਕਿਹੜੀ ਹੈ?